# ਨਰਸਰੀ ਸਕੂਲ ਕਮ-ਬਾਲ ਸੰਭਾਲ ਕੇਂਦਰ

## ਮੰਤਵ

ਇਹ ਸਕੀਮ ਸਾਲ 1976-77 ਵਿੱਚ ਲਾਗੂ ਕੀਤੀ ਗਈ ਸੀ। ਸਕੀਮ ਅਧੀਨ ਮਲੀਨ ਧੰਦਾ ਕਰਨ ਵਾਲੇ ਪਰਿਵਾਰਾਂ ਦੇ 6 ਸਾਲ ਤੱਕ ਦੇ ਬੱਚਿਆਂ ਨੂੰ ਉਨ੍ਹਾਂ ਦੇ ਕੰਮ ਦੇ ਦੌਰਾਨ ਸੁਰੱਖਿਅਤਾ ਪ੍ਰਦਾਨ ਕੀਤੀ ਜਾਂਦੀ ਹੈ।

## ਕੰਮ ਦਾ ਵੇਰਵਾ

ਸਕੀਮ ਅਧੀਨ ਮਲੀਨ ਧੰਦਾ ਕਰਨ ਵਾਲੇ ਪਰਿਵਾਰਾਂ ਦੇ ਬੱਚਿਆਂ ਨੂੰ ਉਨ੍ਹਾਂ ਦੀਆਂ ਮਾਤਵਾਂ ਦੇ ਕੰਮ ਦੇ ਦੌਰਾਨ ਇਨ੍ਹਾਂ ਕਰੈਸ਼ ਕੇਂਦਰਾਂ ਵਿੱਚ ਰੱਖ ਕੇ ਬੱਚਿਆਂ ਦੀ ਸਾਂਭ ਸੰਭਾਲ ਦੇ ਬੋਝ ਤੋਂ ਉਨ੍ਹਾਂ ਨੂੰ ਚਿੰਤਾ ਤੋਂ ਮੁਕਤ ਕਰਨਾ ਹੈ।

## ਕਰੈਸ਼ ਕੇਂਦਰਾਂ ਦੀ ਵਰਕਿੰਗ

ਨਾਨ ਪਲਾਨ ਸਾਈਡ ਤੇ ਜਿਲ੍ਹਾ ਹੈਡ-ਕੁਆਟਰ ਤੇ 12 ਕਰੈਸ਼ ਕੇਂਦਰ ਚਲਾਏ ਜਾ ਰਹੇ ਹਨ। ਹਰੇਕ ਕੇਂਦਰ ਵਿੱਚ 6 ਸਾਲ ਤੱਕ ਦੇ 40 ਦੀ ਗਿਣਤੀ ਵਿੱਚ ਬੱਚੇ ਦਾਖਲ ਕੀਤੇ ਜਾਂਦੇ ਹਨ ਅਤੇ ਇਨ੍ਹਾਂ ਬੱਚਿਆਂ ਨੂੰ 3.80/-ਰੁਪਏ ਪ੍ਰਤੀ ਬੱਚਾ ਪ੍ਰਤੀ ਦਿਨ ਖੁਰਾਕ ਦਿੱਤੀ ਜਾਂਦੀ ਹੈ।

## ਸਟਾਫ਼

ਹਰੇਕ ਕਰੈਸ਼ ਕੇਂਦਰ ਵਿੱਚ ਇੱਕ ਲੇਡੀ ਸੁਪਰਵਾਈਜ਼ਰ ਅਤੇ ਉਸ ਦੀ ਮੱਦਦ ਲਈ 2 ਨਰਸ-ਕਮ-ਲੇਡੀ ਅਟੈਂਡੈਂਟ ਨਿਯੁਕਤ ਹੋਈਆਂ ਹਨ।